# ਪਬਲਿਕ ਨੋਟਿਸ

1. ਦਫ਼ਤਰ ਡਾਇਰੈਕਟਰ, ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ ਦੇ ਹੁਕਮ ਨੰਬਰ (ਈ-732625/10/2025/(ਪੀ ਸੈੱਲ1) ਮਿਤੀ 21.03.2025 ਰਾਹੀਂ ਮਾਸਟਰ ਕਾਡਰ/ਬੀਪੀਈਉ ਕਾਡਰ ਤੋਂ ਬਤੌਰ ਹੈੱਡ ਮਾਸਟਰ /ਹੈੱਡ ਮਿਸਟ੍ਰੈਸ ਪਦ-ਉੱਨਤੀਆਂ ਕੀਤੀਆਂ ਗਈਆਂ ਹਨ।
2. ਇੰਨ੍ਹਾਂ ਹੁਕਮਾਂ ਦੀਆਂ ਸ਼ਰਤਾਂ ਅਧੀਨ ਸਬੰਧਤ ਕਰਮਚਾਰੀਆਂ ਨੂੰ ਹੈੱਡ ਮਾਸਟਰ /ਹੈੱਡ ਮਿਸਟ੍ਰੈਸ ਕਾਡਰ ਦੀਆਂ ਉਪਬਲੱਧ ਖਾਲੀ ਆਸਾਮੀਆਂ ਵਾਲੇ ਸਟੇਸ਼ਨਾਂ ਦੀ ਚੋਣ ਹੇਠਾਂ ਦਿੱਤੀ ਗਈ ਸਮਾਂ ਸਾਰਣੀ ਅਨੁਸਾਰ ਕਰਵਾਈ ਜਾਣੀ ਹੈ-

| ਲੜੀ ਨੰਬਰ | ਵਿਸ਼ਾ | ਮਿਤੀ | ਸਮਾਂ | ਸਥਾਨ |
|---|---|---|---|---|
| 1 | ਹੈੱਡ ਮਾਸਟਰ /ਹੈੱਡ ਮਿਸਟ੍ਰੈਸ | 27.03.2025 | ਸਵੇਰੇ 10.00 ਵਜੇ | ਸਿਵਾਲਿਕ ਪਬਲਿਕ ਸਕੂਲ ਫੇਜ -6 ਐਸ ਏ ਐਸ ਨਗਰ |

3. ਉਕਤ ਦਿੱਤੀ ਗਈ ਸਮਾਂ ਸਾਰਣੀ ਅਨੁਸਾਰ ਸਬੰਧਤ ਕਰਮਚਾਰੀ ਨਿੱਜੀ ਪੱਧਰ ਤੇ ਸਮੇਂ ਸਿਰ ਹਾਜ਼ਰ ਹੋ ਕਿ ਸਟੇਸ਼ਨ ਦੀ ਚੋਣ ਕਰਨਗੇ। ਨਿੱਜੀ ਪੱਧਰ ਤੇ ਹਾਜ਼ਰ ਨਾ ਹੋਣ ਵਾਲੇ ਕਰਮਚਾਰੀਆਂ ਨੂੰ ਡਾਇਰੈਕਟੋਰੇਟ ਪੱਧਰ ਤੇ ਸਟੇਸ਼ਨ ਅਲਾਟ ਕਰ ਦਿੱਤੇ ਜਾਣਗੇ।
4. ਨਿਰਧਾਰਿਤ ਸਮੇਂ ਤੇ ਹਾਜਰ ਨਾ ਹੋਣ ਵਾਲੇ ਕਰਮਚਾਰੀਆਂ ਦੀ ਉਡੀਕ ਨਹੀਂ ਕੀਤੀ ਜਾਵੇਗੀ ਅਤੇ ਅਗਲੇ ਸੀਨੀਅਰ ਕਰਮਚਾਰੀ ਨੂੰ ਸਟੇਸ਼ਨ ਚੋਣ ਦਾ ਮੌਕਾ ਦੇ ਦਿੱਤਾ ਜਾਵੇਗਾ ਅਤੇ ਦੇਰੀ ਨਾਲ ਹਾਜਰ ਹੋਣ ਵਾਲੇ ਕਰਮਚਾਰੀ ਨੂੰ ਸਬੰਧਤ ਵਿਸ਼ੇ ਦੇ ਅੰਤਿਮ ਹਾਜਰ ਕਰਮਚਾਰੀ ਤੋਂ ਬਾਅਦ ਰਹਿੰਦੇ ਸਟੇਸ਼ਨਾਂ ਵਿਚੋਂ ਸਟੇਸ਼ਨ ਦੀ ਚੋਣ ਕਰਵਾਈ ਜਾਵੇਗੀ। ਇਹ ਵੀ ਸਪੱਸ਼ਟ ਰੂਪ ਵਿਚ ਲਿਖਿਆ ਜਾਂਦਾ ਹੈ ਕਿ ਸਬੰਧਤ ਕਰਮਚਾਰੀ ਵੱਲੋਂ ਸਮੇਂ ਸਿਰ ਹਾਜਰ ਨਾ ਹੋ ਸਕਣ ਕਾਰਨ, ਜੇਕਰ ਉਸਦੇ ਜੂਨੀਅਰ ਨੂੰ ਸਟੇਸ਼ਨ ਅਲਾਟ ਕਰ ਦਿੱਤਾ ਜਾਂਦਾ ਹੈ ਤਾਂ ਇਸ ਸਬੰਧੀ ਭਵਿੱਖ ਵਿੱਚ ਕੋਈ ਇਤਰਾਜ ਜਾਂ ਪ੍ਰਤੀ-ਬੇਨਤੀ ਨਹੀਂ ਵਿਚਾਰੀ ਜਾਵੇਗੀ।
5. ਪਦਉਨਤ ਹੋਏ ਸਾਰੇ ਕਰਮਚਾਰੀ ਨਾਲ ਨੱਥੀ ਪ੍ਰਫਾਰਮੇ ਅਨੁਸਾਰ ਸਵੈਘੋਸਣਾ ਪੱਤਰ ਸਮੇਤ ਫੋਟੋ ਨਾਲ ਲੈ ਕੇ ਹਾਜਰ ਹੋਣਗੇ ।

ਨੱਥੀ: ਪ੍ਰਫਾਰਮਾ (ਸਵੈ ਘੋਸਣਾ ਪੱਤਰ)

ਸਹਾਇਕ ਡਾਇਰੈਕਟਰ (ਪ੍ਰਮੋਸ਼ਨ)

<u>ਸਵੈ ਘੋਸ਼ਣਾ ਪੱਤਰ</u>

ਫੋਟੋ

ਮੈਂ, ................................ ਪੁੱਤਰ / ਪੁੱਤਰੀ ..................................... ਵਾਸੀ ..................................................... ਦਾ ਰਹਿਣ ਵਾਲਾ / ਵਾਲੀ ਹਾਂ ਅਤੇ ਮੇਰਾ ਮੋਬਾਈਲ ਨੰਬਰ (ਵਟਸਐਪ).................................... ਹੈ। ਮੈਂ ਹੇਠ ਲਿਖੇ ਅਨੁਸਾਰ ਬਿਆਨ ਕਰਦਾ / ਕਰਦੀ ਹਾਂ-

1. ਇਹ ਕਿ ਮੈਂ .................................ਸਕੂਲ ਵਿਖੇ ਬਤੌਰ .......................... ਤੈਨਾਤ ਹਾਂ।
2. ਇਹ ਕਿ ਸਕੂਲ ਸਿੱਖਿਆ ਵਿਭਾਗ, ਪੰਜਾਬ ਵੱਲੋਂ ਮੇਰੀ ਪਦ-ਉੱਨਤੀ ਬਤੌਰ ਹੈੱਡ ਮਾਸਟਰ / ਹੈੱਡ ਮਿਸਟ੍ਰੈਸ ਕਾਡਰ ਵਿੱਚ ਹੋਈ ਹੈ।
3. ਇਹ ਕਿ ਵਿਭਾਗ ਵੱਲੋਂ ਜਾਰੀ ਪਦ-ਉੱਨਤੀ ਹੁਕਮਾਂ ਵਿੱਚ ਮੇਰਾ ਨਾਮ ਲੜੀ ਨੰਬਰ ......... ਤੇ ਦਰਜ ਹੈ।
4. ਇਹ ਕਿ ਮੈਂ ਬਤੌਰ ਹੈੱਡਮਾਸਟਰ/ਹੈੱਡਮਿਸਟ੍ਰੈਸ ਪਦ-ਉੱਨਤੀ ਲੈਣਾ ਚਾਹੁੰਦਾ / ਚਾਹੁੰਦੀ ਹਾਂ।
5. ਇਹ ਕਿ ਮੈਨੂੰ ਵਿਭਾਗ ਵੱਲੋਂ ਕਦੇ ਵੀ ਡੀ-ਬਾਰ ਨਹੀਂ ਕੀਤਾ ਗਿਆ।
6. ਇਹ ਕਿ ਜੇਕਰ ਮੇਰੀ ਪਦ-ਉੱਨਤੀ ਸਬੰਧੀ ਕਿਸੇ ਸਟੇਜ ਤੇ ਕੋਈ ਵੇਰਵੇ ਗਲਤ ਪਾਏ ਜਾਂਦੇ ਹਨ ਅਤੇ ਵਿਭਾਗ ਵੱਲੋਂ ਮੇਰੀ ਇਹ ਪਦ-ਉੱਨਤੀ ਰੱਦ ਕੀਤੀ ਜਾਂਦੀ ਹੈ ਤਾਂ ਮੈਨੂੰ ਇਸ ਦੇ ਲਈ ਕੋਈ ਇਤਰਾਜ ਨਹੀਂ ਹੋਵੇਗਾ ਅਤੇ ਮੈਂ ਵਿਭਾਗ ਦਾ ਫੈਸਲਾ ਮੰਨਣ ਲਈ ਪਾਬੰਧ ਹੋਵਾਂਗਾ / ਹੋਵਾਂਗੀ।

ਬਿਆਨ ਕਰਤਾ

ਤਸਦੀਕ-

ਤਸਦੀਕ ਕੀਤਾ ਜਾਂਦਾ ਹੈ ਕਿ ਮੇਰੇ ਵੱਲੋਂ ਉਪਰੋਕਤ ਅਨੁਸਾਰ ਦਿੱਤਾ ਗਿਆ ਬਿਆਨ ਸਹੀ ਅਤੇ ਦਰੁਸਤ ਹੈ, ਇਸ ਵਿੱਚ ਕੁਝ ਵੀ ਲੁਕਾਇਆ ਜਾਂ ਛੁਪਾਇਆ ਨਹੀਂ ਗਿਆ ਹੈ।

ਬਿਆਨ ਕਰਤਾ